ਦਫ਼ਤਰ,ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,ਬਠਿੰਡਾ

ਪਹਿਲੀ `ਸ਼੍ਰਮਿਕ ਐਕਸਪ੍ਰੈਸ` ਰੇਲ ਗੱਡੀ ਬਠਿੰਡਾ ਤੋਂ ਮੁਜੱਫਰਪੁਰ ਲਈ ਰਵਾਨਾ

ਸੂਬਾ ਸਰਕਾਰ ਵਲੋਂ 1388 ਪ੍ਰਵਾਸੀਆਂ ਦੀ ਸਮਰੱਥਾ ਵਾਲੀ ਇਸ ਰੇਲ ਗੱਡੀ `ਤੇ ਖ਼ਰਚੇ ਗਏ 7.21 ਲੱਖ

ਬਠਿੰਡਾ 10 ਮਈ : ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਪ੍ਰਵਾਸੀਆਂ ਨੂੰ ਬਠਿੰਡਾ ਤੋਂ ਉਨਾਂ ਦੇ ਜੱਦੀ ਸੂਬਿਆਂ ਨੂੰ ਵਾਪਿਸ ਭੇਜਣ ਲਈ ਚਲਾਈਆਂ ਗਈਆਂ ਰੇਲ ਗੱਡੀਆਂ ਦੀ ਲੜੀ ਵਜੋਂ ਅੱਜ ਇੱਥੋਂ ਪਹਿਲੀ `ਸ਼੍ਰਮਿਕ ਐਕਸਪ੍ਰੈਸ` ਰੇਲ ਗੱਡੀ 1388 ਪ੍ਰਵਾਸੀਆਂ ਨੂੰ ਲੈ ਕੇ ਬਠਿੰਡਾ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਮੁਜੱਫਰਪੁਰ (ਬਿਹਾਰ) ਲਈ ਰਵਾਨਾ ਹੋਈ ਅਤੇ ਇਸ ਰੇਲ ਗੱਡੀ `ਤੇ ਸੂਬਾ ਸਰਕਾਰ ਵਲੋਂ ਪ੍ਰਵਾਸੀਆਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਮੁਹੱਈਆ ਕਰਵਾਉਣ `ਤੇ 7.21 ਲੱਖ ਰੁਪਏ ਖ਼ਰਚੇ ਗਏ ਹਨ।

ਇਸ ਮੌਕੇ ਇਸ ਟ੍ਰੇਨ ਨੂੰ ਰਵਾਨਾ ਕਰਨ ਲਈ ਪੁੱਜੇ ਗਿੱਦੜਬਾਹਾ ਦੇ ਵਿਧਾਇਕ ਸ: ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪ੍ਰਵਾਸੀਆਂ ਦੀ ਘਰ ਵਾਪਸੀ ਲਈ ਉਨ੍ਹਾਂ ਦੇ ਰੇਲ ਕਿਰਾਏ ਦਾ ਸਾਰਾ ਭਾਰ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਨੇ ਕਿਫਾ ਕਿ ਰਾਜ ਸਰਕਾਰ ਨੇ ਇਸ ਕੰਮ ਲਈ 35 ਕਰੋੜ ਰੁਪਏ ਪ੍ਰਵਾਨ ਕੀਤੇ ਹਨ। ਉਨ੍ਹਾਂ ਨੇ ਦੱਸਿਆ ਕਿ ਇੱਥੋਂ ਰਵਾਨਾ ਹੋਈ ਇਸ ਗੱਡੀ ਵਿਚ ਯਾਤਰੀਆਂ ਨੂੰ ਭੋਜਨ ਅਤੇ ਪਾਣੀ ਵੀ ਮੁਹਈਆ ਕਰਵਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਇਸ ਸੰਕਟ ਦੇ ਸਮੇਂ ਵਿਚ ਪੰਜਾਬ ਵਿਚ ਫਸੇ ਦੂਜੇ ਰਾਜਾਂ ਦੇ ਨਾਗਰਿਕਾਂ ਦੀ ਹਰ ਸੰਭਵ ਮਦਦ ਕਰ ਰਹੀ ਹੈ।

ਇਸ ਮੌਕੇ ਵਿਧਾਇਕ ਸ: ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇੰਨ੍ਹਾਂ ਸਾਰੇ ਮਜਦੂਰਾਂ ਦਾ ਮੈਡੀਕਲ ਚੈਕਅੱਪ ਵੀ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਇਕ ਹੋਰ ਯਾਤਰੀ ਗੱਡੀ ਝਾਰਖੰਡ ਲਈ ਅੱਜ ਹੀ ਰਵਾਨਾ ਹੋ ਰਹੀ ਹੈ ਜਿਸ ਵਿਚ 1188 ਯਾਤਰੀ ਜਾਣਗੇ ਅਤੇ ਇੰਨ੍ਹਾਂ ਦੇ ਕਿਰਾਏ ਤੇ ਪੰਜਾਬ ਸਰਕਾਰ 7.12 ਲੱਖ ਰੁਪਏ ਖਰਚੇਗੀ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਹਰੇਕ ਉਹ ਵਿਅਕਤੀ ਦੀ ਮਦਦ ਕਰੇਗੀ ਜ਼ੋ ਆਪਣੇ ਪ੍ਰਦੇਸ਼ ਜਾਣਾ ਚਾਹੁੰਦਾ ਹੈ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਦੀ ਦੇਖਰੇਖ ਹੇਠ ਸਾਰੇ ਪ੍ਰਬੰਧ ਕੀਤੇ ਗਏ ਸਨ ਤਾਂ ਜੋ ਯਾਤਰੀਆਂ ਨੂੰ ਕੋਈ ਦਿੱਕਤ ਨਾ ਆਵੇ। ਟਰੇਨ ਚੱਲਣ ਤੇ ਪ੍ਰਵਾਸੀ ਮਜਦੂਰਾਂ ਨੇ ਤਾੜੀਆਂ ਮਾਰ ਕੇ ਅਤੇ ਹੱਥ ਹਿਲਾ ਕੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਇਸ ਮੌਕੇ ਸ੍ਰੀ ਕੇਕੇ ਅਗਰਵਾਲ, ਸ੍ਰੀ ਅਰੁਣ ਵਧਾਵਨ, ਸ੍ਰੀ ਹਰਵਿੰਦਰ ਸਿੰਘ ਲਾਡੀ, ਸ੍ਰੀ ਰਾਜਨ ਗਰਗ, ਸ੍ਰੀ ਅਨਿਲ ਭੋਲਾ, ਸ੍ਰੀ ਅਸ਼ੋਕ ਕੁਮਾਰ, ਸ੍ਰੀ ਬਲਜਿੰਦਰ ਠੇਕੇਦਾਰ ਆਦਿ ਵੀ ਹਾਜਰ ਸਨ।

I/23426/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਬਠਿੰਡਾ ਦੀਆਂ 35 ਹੋਰ ਰਿਪੋਰਟਾਂ ਆਈਆਂ ਨੈਗੇਟਿਵ, ਸ਼ਹਿਰ ਨੂੰ ਕੀਤਾ ਸੈਨੇਟਾਈਜ

-ਹੁਣ ਕੇਵਲ 12 ਰਿਪੋਰਟਾਂ ਆਉਣੀਆਂ ਬਾਕੀ

ਬਠਿੰਡਾ, 10 ਮਈ : ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਆਈ.ਏ.ਐਸ. ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਅੱਜ ਬਠਿੰਡੇ ਜ਼ਿਲ੍ਹੇ ਤੋਂ ਭੇਜੇ 35 ਹੋਰ ਨਮੂਨਿਆਂ ਦੀ ਰਿਪੋਰਟ ਨੈਗੇਟਿਵ ਪ੍ਰਾਪਤ ਹੋ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸਮੇਂ ਸਿਰਫ 12 ਨਮੂਨਿਆਂ ਦੀ ਹੀ ਰਿਪੋਰਟ ਬਕਾਇਆ ਹੈ।ਬਕਾਇਆ ਨਮੂਨਿਆਂ ਵਿਚ 7 ਨਮੂਨੇ ਰਾਜਸਥਾਨ ਤੋਂ ਆਏ ਮਜਦੂਰਾਂ ਦੇ ਬਕਾਇਆ ਹਨ ਜਦ ਕਿ 5 ਨਮੂਨੇ ਬੀਤੇ ਕੱਲ ਲੈ ਕੇ ਭੇਜੇ ਗਏ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਤੱਕ ਜ਼ਿਲ੍ਹੇ ਵਿਚ ਤਖਤ ਸ੍ਰੀ ਹਜੂਰ ਸਾਹਬਿ, ਨਾਂਦੇੜ ਤੋਂ ਆਏ ਸ਼ਰਧਾਲੂਆਂ, ਕੋਟਾ ਤੋਂ ਆਏ ਵਿਦਿਆਰਥੀਆਂ ਅਤੇ ਜੈਸਮਲਮੇਰ ਤੋਂ ਆਏ ਸਾਰੇ ਮਜਦੂਰਾਂ ਦੇ ਨਮੂਨੇ ਲਏ ਜਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਜ਼ਿਲ੍ਹੇ ਵਿਚ 41 ਮਰੀਜ ਹਨ ਜਿੰਨ੍ਹਾਂ ਵਿਚੋਂ ਇਕ ਦੂਸਰੇ ਜ਼ਿਲ੍ਹੇ ਨਾਲ ਸਬੰਧਤ ਹੈ। ਉਨ੍ਹਾਂ ਨੇ ਸੱਪਸ਼ਟ ਕੀਤਾ ਕਿ ਇਸੇ ਕਾਰਨ ਰਾਜ ਪੱਧਰ ਤੇ ਜਾਰੀ ਹੁੰਦੇ ਮੀਡੀਆ ਬੁਲੇਟਿਨ ਵਿਚ ਬਠਿੰਡਾ ਜ਼ਿਲ੍ਹੇ ਦੇ ਮਰੀਜਾਂ ਦੀ ਗਿਣਤੀ 40 ਲਿਖੀ ਹੁੰਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਊਧਮ ਸਿੰਘ ਨਗਰ ਵਿਚ ਜ਼ੋ ਮਰੀਜ ਮਿਲਿਆ ਸੀ ਉਸਦੇ ਪਰਿਵਾਰਕ ਮੈਂਬਰਾਂ ਅਤੇ ਸੰਪਰਕਾਂ ਦੀ ਰਿਪੋਰਟ ਵੀ ਨੈਗੇਟਿਵ ਅ਼਼਼ਾਈ ਹੈ।

ਸ੍ਰੀ ਬੀ ਸ੍ਰੀ ਨਿਵਾਸਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਸਾਨੂੰ ਆਪਣੀ ਜੀਵਨ ਜਾਚ ਵਿਚ ਬਦਲਾਅ ਕਰਨਾ ਪਵੇਗਾ ਅਤੇ ਕਰੋਨਾ ਨਾਲ ਵਿਚਰਦਿਆਂ ਇਸ ਤੋਂ ਕਿਵੇਂ ਬਚਣਾ ਹੈ ਇਹ ਸਿੱਖਣਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਮੂੰਹ ਤੇ ਮਾਸਕ ਲਗਾ ਕੇ, ਸਮਾਜਿਕ ਦੂਰੀ ਬਣਾ ਕੇ ਰੱਖ ਕੇ ਅਤੇ ਵਾਰ ਵਾਰ ਹੱਥ ਧੋ ਕੇ ਅਸੀਂ ਕਰੋਨਾ ਵਾਇਰਸ ਨੂੰ ਆਪਣੇ ਤੋਂ ਦੂਰ ਰੱਖ ਸਕਦੇ ਹਾਂ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਤਵਾਰ ਕਾਰਨ ਅੱਜ ਬਜਾਰ ਬੰਦ ਸਨ ਅਤੇ ਨਗਰ ਨਿਗਮ ਵੱਲੋਂ ਬਜਾਰਾਂ ਵਿਚ ਸੈਨੇਟਾਈਜਰ ਦਾ ਛਿੜਕਾਅ ਕੀਤਾ ਗਿਆ।

I/23427/2020

ਦਫ਼ਤਰ,ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,ਬਠਿੰਡਾ

ਜਦੋਂ ਗੱਡੀ ਨੰਬਰ 04518 ਨੇ ਬਠਿੰਡਾ ਤੋਂ ਸਫਰ ਸ਼ੁਰੂ ਕੀਤਾ ਤਾਂ ਅੰਦਰੋਂ ਅਵਾਜਾਂ ਆਈਆਂ-ਥੈਂਕ ਯੂ ਭੈਆ

ਦੂਜੀ `ਸ਼੍ਰਮਿਕ ਐਕਸਪ੍ਰੈਸ` ਰੇਲ ਗੱਡੀ ਬਠਿੰਡਾ ਤੋਂ 1188 ਪ੍ਰਵਾਸੀ ਕਾਮਿਆਂ ਨੂੰ ਲੈ ਕੇ ਹੋਈ ਰਵਾਨਾ

ਸੂਬਾ ਸਰਕਾਰ ਵਲੋਂ 1188 ਪ੍ਰਵਾਸੀਆਂ ਦੀ ਸਮਰੱਥਾ ਵਾਲੀ ਇਸ ਰੇਲ ਗੱਡੀ `ਤੇ ਖ਼ਰਚੇ ਗਏ 7.12 ਲੱਖ

ਬਠਿੰਡਾ 10 ਮਈ : ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪ੍ਰਵਾਸੀ ਕਾਮਿਆਂ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਘਰ ਭੇਜਣ ਦੀ ਕੀਤੀ ਜਾ ਰਹੀ ਵਿਵਸਥਾ ਦੀ ਲੜੀ ਤਹਿਤ ਅੱਜ ਸ਼ਾਮ ਬਠਿੰਡਾ ਤੋਂ ਦੂਜੀ `ਸ਼੍ਰਮਿਕ ਐਕਸਪ੍ਰੈਸ` ਰੇਲ ਗੱਡੀ ਝਾਰਖੰਡ ਲਈ ਰਵਾਨਾ ਹੋਈ। ਇਹ ਗੱਡੀ ਨੰਬਰ 04518 ਝਾਰਪੰਡ ਰਾਜ ਦੇ ਡਾਲਟੇਨ ਗੰਜ ਸਟੇਸ਼ਨ ਤੱਕ ਜਾਵੇਗੀ। ਇਸ ਵਿਚ ਬਠਿੰਡਾ ਅਤੇ ਮਾਲਵੇ ਦੇ ਹੋਰ ਜ਼ਿਲ੍ਹਿਆਂ ਨਾਲ ਸਬੰਧਤ 1188 ਪ੍ਰਵਾਸੀ ਕਾਮ ਆਪਣੇ ਘਰਾਂ ਨੂੰ ਪਰਤੇ।ਜਦ ਇਸ ਗੱਡੀ ਨੂੰ ਗਾਰਡ ਨੇ ਝੰਡੀ ਦੇ ਕੇ ਰਵਾਨਾ ਕੀਤਾ ਤਾਂ ਗੱਡੀ ਵਿਚ ਸਵਾਰ ਕਾਮਿਆਂ ਨੇ ਹੱਥ ਹਿਲਾਂ ਕੇ ਪੰਜਾਬ ਸਰਕਾਰ ਦੇ ਅਮਲੇ ਦਾ ਘਰ ਭੇਜਣ ਲਈ ਉੱਤਮ ਵਿਵਸਥਾ ਕਰਨ ਲਈ ਧੰਨਵਾਦ ਕੀਤਾ ਅਤੇ ਅੰਦਰੋਂ ਅਵਾਜਾਂ ਆਈਆਂ-ਥੈਂਕ ਯੂ ਭੈਆ।

ਇਸ ਗੱਡੀ ਦੇ ਯਾਤਰੀਆਂ ਦਾ ਕਿਰਾਇਆ ਅਦਾ ਕਰਨ ਲਈ ਪੰਜਾਬ ਸਰਕਾਰ ਨੇ 7.12 ਲੱਖ ਰੁਪਏ ਖਰਚ ਕੀਤੇ ਹਨ। ਇਹ ਜਾਣਕਾਰੀ ਅੱਜ ਸਵੇਰੇ ਇੱਥੇ ਪਹਿਲੀ ਗੱਡੀ ਨੂੰ ਰਵਾਨਾ ਕਰਨ ਮੌਕੇ ਗਿੱਦੜਬਾਹਾ ਦੇ ਵਿਧਾਇਕ ਸ: ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿੱਤੀ ਸੀ। ਸਵੇਰ ਦੀ ਗੱਡੀ ਵਿਚ ਇਸ ਤੋਂ ਪਹਿਲਾਂ 1388 ਪ੍ਰਵਾਸੀ ਕਾਮੇ ਬਿਹਾਰ ਲਈ ਰਵਾਨਾ ਹੋਏ ਸਨ।

ਇਸ ਦੌਰਾਨ ਸਟੇਸ਼ਨ ਤੇ ਸਾਰੇ ਪ੍ਰਬੰਧਾਂ ਦੀ ਦੇਖਰੇਖ ਕਰ ਰਹੇ ਐਸਡੀਐਮ ਸ: ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਇੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਦੀ ਅਗਵਾਈ ਵਿਚ ਸਭ ਦੇ ਸਹਿਯੋਗ ਨਾਲ ਇੰਨ੍ਹਾਂ ਨੂੰ ਲੰਗਰ ਵੀ ਮੁਹਈਆ ਕਰਵਾਇਆ ਗਿਆ ਜਦ ਕਿ ਪੀਣ ਦਾ ਪਾਣੀ ਦੀਆਂ ਬੋਤਲਾਂ ਵੀ ਦਿੱਤੀਆਂ ਗਈਆਂ ਹਨ ਤਾਂ ਜ਼ੋ ਰਾਸਤੇ ਵਿਚ ਇੰਨ੍ਹਾਂ ਨੂੰ ਕੋਈ ਦਿੱਕਤ ਨਾ ਆਵੇ।

ਝਾਰਖੰਡ ਲਈ ਆਪਣੇ ਘਰਾਂ ਲਈ ਪਰਤ ਰਹੇ ਇੰਨ੍ਹਾਂ ਕਾਮਿਆਂ ਨੇ ਇਸ ਮੌਕੇ ਮੁਫ਼ਤ ਸਫਰ, ਖਾਣ ਪੀਣ ਦੀ ਵਿਵਸਥਾ ਅਤੇ ਵੱਖ ਵੱਖ ਜ਼ਿਲ੍ਹਿਆਂ ਤੋਂ ਬਠਿੰਡਾ ਸਟੇਸ਼ਨ ਤੱਕ ਪੰਜਾਬ ਸਰਕਾਰ ਦੀਆਂ ਬੱਸਾਂ ਰਾਹੀਂ ਮੁਫ਼ਤ ਲੈ ਕੇ ਆਉਣ ਲਈ ਪੰਜਾਬ ਸਰਕਾਰ ਦਾ ਸ਼ੁਕਰੀਆਂ ਕੀਤਾ।ਗੱਡੀ ਵਿਚ ਪ੍ਰਵਾਸੀ ਕਾਮਿਆਂ ਨੂੰ ਸਵਾਰ ਕਰਨ ਤੋਂ ਪਹਿਲਾਂ ਗੱਡੀ ਨੂੰ ਸੈਨੇਟਾਈਜ ਵੀ ਕੀਤਾ ਗਿਆ ਅਤੇ ਯਾਤਰੀਆਂ ਦਾ ਮੈਡੀਕਲ ਟੈਸਟ ਵੀ ਕਰਵਾ ਕੇ ਭੇਜਿਆ ਗਿਆ ਹੈ।

I/23448/2020